ਅੱਜ ਦੀ ਆਵਾਜ਼

ਪੰਜਾਬ ਸਰਕਾਰ ਅਤੇ ਸਮਾਜ ਭਲਾਈ ਵਿਭਾਗ ਵੱਲੋਂ ਸ਼ੁਰੂ ਕੀਤੇ ਧੀਆਂ ਦੀ ਲੋਹੜੀ ਦੇ ਸਮਾਗਮ ਤਹਿਤ ਬਲਾਕ ਫਗਵਾੜਾ ਦੇ ਪਿੰਡ ਢੱਡੇ ਵਿਖੇ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਫਗਵਾੜਾ ਦੇ ਸਹਿਤਕਾਰ, ਸਮਾਜਸੇਵਕ ਅਤੇ ਪੱਤਰਕਾਰ ਜਸਵਿੰਦਰ ਢੱਡਾ ਨੂੰ ਬੀਤੇ ਦਿਨੀ ਦਿੱਲੀ ਵਿਖੇ ਕਰਵਾਏ ਗਏ ਸਮਾਗਮ ਮੌਕੇ ਬਾਬਾ ਸਾਹਿਬ ਡਾਕਟਰ ਬੀ. ਆਰ. ਅੰਬੇਡਕਰ ਨੈਸ਼ਨਲ ਅਵਾਰਡ ਮਿਲਣ ਦੀ ਖੁਸ਼ੀ ਵਿੱਚ ਸਨਮਾਨਿਤ ਕਰਦੇ ਹੋਏ। ਸ੍ਰੀਮਤੀ ਸੁਸ਼ੀਲ ਲਤਾ ਬਾਲ ਵਿਕਾਸ ਅਤੇ ਪ੍ਰੋਜੈਕਟ ਅਫ਼ਸਰ ਫ਼ਗਰਵਾੜਾ, ਸਰਪੰਚ ਸ. ਹਰਦੀਪ ਸਿੰਘ, ਆਂਗਨਵਾੜੀ ਵਰਕਰ ਕ੍ਰਿਸ਼ਨਾ ਦੇਵੀ, ਸੁਪਰਵਾਈਜ਼ਰ ਸ੍ਰੀਮਤੀ ਪ੍ਰਵੀਨ ਬਾਲਾ ਤੇ ਸੁਪਰਵਾਈਜ਼ਰ ਸ੍ਰੀਮਤੀ ਦਵਿੰਦਰ ਕੌਰ, ਹੈੱਡ ਟੀਚਰ, ਸ੍ਰ. ਕੁਲਵਿੰਦਰ ਸਿੰਘ ਆਦਿ ਦਿਖਾਈ ਦੇ ਰਹੇ ਹਨ।

ਤਸਵੀਰ: ਜਸਵਿੰਦਰ ਢੱਡਾ

ਮਹਾਂ ਸ਼ਿਵਰਾਤਰੀ ਸਬੰਧੀ ਪ੍ਰਭਾਵ ਫੇਰੀ ਕੱਢੀ

ਜਲੰਧਰ, 5 ਫਰਵਰੀ (ਇਕਬਾਲ ਸਿੰਘ ਉੱਭੀ) ਅੱਜ ਸਵੇਰੇ ਮਹਾਂ ਸ਼ਿਵਰਾਤਰੀ ਦੇ ਸਬੰਧ ਵਿੱਚ ਸਤਿਨਰਾਇਣ ਮੰਦਰ ਕਮੇਟੀ ਵੱਲੋਂ ਐਸ. ਡੀ. ਰੋਡ ਮੁਹੱਲਾ ਗੋਬਿੰਦ ਪੁਰਾ ਵਿੱਚ ਦੇਵੀ ਤਲਾਬ ਮੰਦਰ ਕਮੇਟੀ ਦੇ ਮੈਂਬਰਾਂ ਸਮੇਤ ਪ੍ਰਭਾਤ ਫੇਰੀ ਕੱਢੀ ਗਈ। ਜਿਸ ਵਿੱਚ ਅਮਰਜੀਤ ਸਿੰਘ ਅਮਰੀ ਜ਼ਿਲ੍ਹਾ ਸੈਕਟਰੀ, ਪ੍ਰਧਾਨ ਸ੍ਰੀ ਬਲਰਾਜ ਗੁਪਤਾ, ਚੇਅਰਮੈਨ ਲਲਿਤ ਚੋਪੜਾ, ਦੀਨਾ ਨਾਥ ਭੰਡਾਰੀ ਸਾਹਿਬ, ਨੀਲੂ ਦੁਗਲ, ਸ਼ੁਕਲਾ ਸਾਹਿਬ, ਬ੍ਰਿਜ ਮੋਹਨ, ਬਲਜੀਤ ਪ੍ਰਿੰਸ ਅਤੇ ਹੋਰ ਭਗਤਜਨਾਂ ਵੱਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ। ਇਸ ਮੌਕੇ ਸ਼ਿਵ ਮਹਿਮਾ ਦੇ ਗੁਣ ਗਾਇਨ ਕੀਤਾ ਗਿਆ। ਇਸ ਦੌਰਾਨ ਆਏ ਹੋਏ ਸਮੂਹ ਮੈਂਬਰ ਅਤੇ ਭਗਤਜਨਾਂ ਦਾ ਭਾਜਪਾ ਕੌਂਸਲਰ ਅਰਜੁਨ ਸਿੰਘ ਪੱਪੀ ਵੱਲੋਂ ਧੰਨਵਾਦ ਕੀਤਾ ਗਿਆ।

ਦਫ਼ਤਰ ਨਗਰ ਕੌਂਸਲ ਨਕੋਦਰ। (ਜਲੰਧਰ)।

ਪਬਲਿਕ ਨੋਟਿਸ

ਇਸ ਪਬਲਿਕ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਾਪਰਟੀ ਨੰਬਰ: 3364/1 ਵਾਕਿਆ ਮੁਹੱਲਾ ਸ਼ੇਰ ਪੁਰ, ਨਕੋਦਰ, ਨਗਰ ਕੌਂਸਲ, ਨਕੋਦਰ ਦੇ ਹਾਊਸ ਟੈਕਸ ਰਿਕਾਰਡ ਵਿੱਚ ਸ੍ਰੀ ਜੋਗਿੰਦਰ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ ਦੇ ਨਾਮ ਤੇ ਦਰਜ ਹੈ। ਜੋਗਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਨੇ ਇੱਕ ਰਜਿਸਟਰਡ ਵਸੀਅਤ ਮਿਤੀ 05-11-1998 ਰਾਹੀਂ ਆਪਣੇ ਪੁੱਤਰ ਸ੍ਰੀ ਗੁਰਪਾਲ ਸਿੰਘ ਦੇ ਨਾਮ ਤੇ ਕੀਤੀ ਹੈ। ਜੋਗਿੰਦਰ ਸਿੰਘ ਦੀ ਮੌਤ ਮਿਤੀ 21-3-2001 ਨੂੰ ਅਤੇ ਉਨ੍ਹਾਂ ਦੀ ਪਤਨੀ ਹਰਭਜਨ ਕੌਰ ਦੀ ਮੌਤ ਮਿਤੀ 29-9-2008 ਨੂੰ ਹੋ ਚੁੱਕੀ ਹੈ। ਬਿਨੈਕਾਰ ਸ੍ਰੀ ਗੁਰਪਾਲ ਸਿੰਘ ਪੁੱਤਰ ਜੋਗਿੰਦਰ ਸਿੰਘ ਨੇ ਦਰਖਾਸਤ ਦੇ ਕੇ ਬੇਨਤੀ ਕੀਤੀ ਹੈ ਕਿ ਵਸੀਅਤ ਮੁਤਾਬਿਕ ਪ੍ਰਾਪਰਟੀ ਨੰ: 3364/1 ਦਾ ਇੰਦਰਾਜ ਨਗਰ ਕੌਂਸਲ, ਨਕੋਦਰ ਦੇ ਹਾਊਸ ਟੈਕਸ ਰਿਕਾਰਡ ਵਿੱਚ ਉਸ ਦੇ ਨਾਮ ਤੇ ਕੀਤਾ ਜਾਵੇ। ਸ੍ਰੀਮਤੀ ਸੁਖਵਿੰਦਰ ਕੌਰ ਅਤੇ ਸ੍ਰੀਮਤੀ ਗੁਰਪਾਲ ਕੌਰ ਪੁੱਤਰੀਆਨ ਸ੍ਰੀ ਜੋਗਿੰਦਰ ਸਿੰਘ ਨੇ ਵੀ ਹਲਫੀਆ ਬਿਆਨ ਦਿੱਤਾ ਹੈ ਕਿ ਉਕਤ ਪ੍ਰਾਪਰਟੀ ਜੇਕਰ ਉਨ੍ਹਾਂ ਦੇ ਭਰਾ ਸ੍ਰੀ ਗੁਰਪਾਲ ਸਿੰਘ ਦੇ ਨਾਮ ਤੇ ਦਰਜ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਬਿਨੈਕਾਰ ਦੀ ਦਰਖਾਸਤ ਹਲਫੀਆ ਬਿਆਨ ਰਜਿਸਟਰਡ ਵਸੀਅਤ ਤੇ ਉਪਰੋਕਤ ਦਸਤਾਵੇਜ਼ ਦੇ ਆਧਾਰ ਤੇ ਪ੍ਰਾਪਰਟੀ ਨੰਬਰ: 3364/1 ਨਗਰ ਕੌਂਸਲ, ਨਕੋਦਰ ਦੇ ਹਾਊਸ ਟੈਕਸ ਰਿਕਾਰਡ ਵਿੱਚ ਹਾਊਸ ਟੈਕਸ ਮੰਤਵ ਲਈ ਤਬਦੀਲ ਕੀਤੀ ਜਾਣੀ ਹੈ, ਜੇਕਰ ਇਸ ਸਬੰਧੀ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਲਿਖਤੀ ਤੌਰ ਤੇ 30 ਦਿਨਾਂ ਦੇ ਅੰਦਰ-ਅੰਦਰ ਦਫ਼ਤਰ, ਨਗਰ ਕੌਂਸਲ, ਨਕੋਦਰ ਦੇ ਸਕਦਾ ਹੈ। ਸਮਾਂ ਬੀਤਣ ਉਪਰੰਤ ਪ੍ਰਾਪਰਟੀ ਨੰ: 3364/1 ਨਗਰ ਕੌਂਸਲ, ਨਕੋਦਰ ਦੇ ਹਾਊਸ ਟੈਕਸ ਰਿਕਾਰਡ ਵਿੱਚ ਹਾਊਸ ਟੈਕਸ ਮੰਤਵ ਲਈ ਤਬਦੀਲ ਕਰ ਦਿੱਤੀ ਜਾਵੇਗੀ।

ਸਹੀ/-
ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਨਕੋਦਰ।

ਅੱਜ ਤੋਂ ਪ੍ਰਭਾਤ ਫੇਰੀ ਮੰਦਰ ਕਮੇਟੀ ਵੱਲੋਂ ਸ਼ੁਰੂ

ਬਲਾਚੌਰ, 5 ਫਰਵਰੀ (ਜੋਸ਼ੀ) ਸ਼ਿਵ ਮੰਦਰ ਪ੍ਰਬੰਧਕ ਕਮੇਟੀ ਪਿੰਡ ਮਹਿੰਦੀਪੁਰ ਵਾਰਡ ਨੰ. 12/13 ਬਲਾਚੌਰ ਵੱਲੋਂ ਅੱਜ ਮਹਾਂ ਸ਼ਿਵਰਾਤਰੀ ਉਤਸਵ ਦੀ ਤਿਆਰੀ ਸਬੰਧੀ ਵੱਖ ਵੱਖ ਵਾਰਡਾਂ ਵਿੱਚ ਪ੍ਰਭਾਤ ਫੇਰੀ ਕੱਢਣੀ ਸ਼ੁਰੂ ਕਰ ਦਿੱਤੀ ਹੈ। ਕਮੇਟੀ ਦੇ ਸਕੱਤਰ ਰਾਣਾ ਮਨਜੀਤ ਸਿੰਘ ਅਤੇ ਪ੍ਰਧਾਨ ਰਾਣਾ ਅਨੂਪ ਸਿੰਘ ਨੰਬਰਦਾਰ ਨੇ ਦੱਸਿਆ ਕਿ ਇਹ ਪ੍ਰਭਾਤਫੇਰੀ ਲਗਾਤਾਰ 12 ਫਰਵਰੀ ਤੱਕ ਚੱਲਣਗੀਆਂ। 12 ਫਰਵਰੀ ਨੂੰ ਸਵੇਰੇ ਹਵਨ ਉਪਰੰਤ ਸ਼ਿਵ ਪੁਰਾਣ ਦੇ ਰੱਖੇ ਪਾਠ ਦੇ ਭੋਗ ਪਾਏ ਜਾਣਗੇ ਤੇ ਉਸ ਤੋਂ ਬਾਅਦ ਸ੍ਰੀ ਰਮਾਇਣ ਦੇ ਪਾਠ ਸ਼ੁਰੂ ਕੀਤੇ ਜਾਣਗੇ। 13 ਫਰਵਰੀ ਨੂੰ ਪਾਠ ਦੇ ਭੋਗ ਉਪਰੰਤ ਕੀਰਤਨ ਹੋਵੇਗਾ ਅਤੇ ਬਾਅਦ ਵਿੱਚ ਸਿਵਸ਼ੰਕਰ ਭੋਲੇਨਾਥ ਜੀ ਦਾ ਅਤੁੱਟ ਭੰਡਾਰ ਵਰਤੇਗਾ। ਰਾਤ ਨੂੰ ਸ਼ਿਵ ਮਹਿਮਾ ਦਾ ਗੁਣਗਾਨ ਹੋਵੇਗਾ। ਅੱਜ ਪ੍ਰਭਾਤ ਫੇਰੀ ਦੀ ਸਮੂਹ ਸੰਗਤ ਨੂੰ ਸਰ ਮਹਿੰਦਰ ਸਿੰਘ ਜੱਟ ਅਤੇ ਮਾਸਟਰ ਰਛਪਾਲ ਸਿੰਘ ਰਾਣਾ ਦੇ ਪਰਿਵਾਰ ਵੱਲੋਂ ਚਾਹ ਤੇ ਮਿਠਾਈ ਦਾ ਲੰਗਰ ਦਿੱਤਾ ਗਿਆ।

ਚੋਰੀ ਦੀ ਕੋਸ਼ਿਸ਼, ਚੋਰ ਪੁਲਿਸ ਹਵਾਲੇ

ਧੂਰੀ, 5 ਫਰਵਰੀ (ਪੱਤਰ ਪ੍ਰੇਰਕ)- ਲੰਘੀ ਰਾਤ ਸ਼ਹਿਰ ਦੇ ਮੁਹੱਲਾ ਜਨਤਾ ਨਗਰ ਅੰਦਰ ਚੋਰਾਂ ਵੱਲੋਂ ਦੋ ਥਾਈਂ ਚੋਰੀ ਕਰਨ ਦੀ ਅਸਫਲ ਕੋਸ਼ਿਸ ਦੌਰਾਨ ਮੁਹੱਲੇ ਵਾਲਿਆਂ ਦੇ ਅੜਿੱਕੇ ਆਇਆ ਚੋਰ ਪੁਲਿਸ ਹਵਾਲੇ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ।

ਉੱਤਰ ਰੇਲਵੇ
ਖੁਲੀ ਟੈਂਡਰ ਸੂਚਨਾ
www.nr.indianrail.gov.in
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਇਸ਼ਤਿਹਾਰਾਂ ਸਬੰਧੀ ਜ਼ਰੂਰੀ ਬੇਨਤੀ

'ਅੱਜ ਦੀ ਆਵਾਜ਼' ਦੀ ਮੈਨੇਜਮੈਂਟ ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਸੰਪਾਦਕ, ਪ੍ਰਕਾਸ਼ਕ ਤੇ ਪ੍ਰਿੰਟਰ ਗੁਰਦੀਪ ਸਿੰਘ ਨੇ 'ਪੰਥ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ' ਜਲੰਧਰ ਲਈ ਮੈਸ: ਨਿਊ ਦਸ਼ਮੇਸ਼ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ 178-179, ਰਣਜੀਤ ਨਗਰ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ - ਗੁਰਦੀਪ ਸਿੰਘ
ਕਾਰਜਕਾਰੀ ਸੰਪਾਦਕ - ਬਲਜੀਤ ਸਿੰਘ ਬਰਾੜ
RNI Regd. No. 46843/90, Postel Regd. No. PB/0007/09-2011
ਟੈਲੀਫੋਨ ਨੰ. 0181- 4626370-2235707 ਫੈਕਸ ਨੰ. : 0181-2225427, 2235427
ਪੋਸਟ ਬਾਕਸ ਨੰ 46 info@ajdiawaaz.com

ਹਲਕਾ ਜਲੰਧਰ ਕੈਂਟ ਦੀਆਂ ਸੰਗਤਾਂ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਵਿਖੇ ਸੇਵਾ ਕੀਤੀ

ਜਲੰਧਰ, 5 ਫਰਵਰੀ (ਮਲਕੀਤ ਸਿੰਘ) ਸ. ਜਗਬੀਰ ਸਿੰਘ ਬਰਾੜ ਵਿਧਾਇਕ ਦੀ ਅਗਵਾਈ 'ਚ ਹਲਕਾ ਜਲੰਧਰ ਕੈਂਟ ਦੀਆਂ ਸੰਗਤਾਂ ਨੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਸ੍ਰੀ ਗੁਰੂ ਰਾਮਦਾਸ ਲੰਗਰ ਵਿਖੇ ਆਪਣੇ ਘਰਾਂ ਤੋਂ ਰਸਦਾਂ ਤੋਂ ਇਲਾਵਾ, ਦੁੱਧ ਤੇ ਸਬਜ਼ੀਆਂ ਭੇਂਟ ਕੀਤੀਆਂ ਅਤੇ ਲੰਗਰ ਤਿਆਰ ਕਰਨ, ਵਰਤਾਉਣ ਤੇ ਬਰਤਨ ਸਾਫ ਕਰਨ ਦੀ ਸੇਵਾ ਕੀਤੀ। ਇਸ ਮੌਕੇ ਸ. ਜਗਬੀਰ ਸਿੰਘ (ਬਰਾੜ) ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਹਲਕਾ ਜਲੰਧਰ ਕੈਂਟ ਤੋਂ ਵੱਡੀ ਗਿਣਤੀ 'ਚ ਸੰਗਤਾਂ ਨੇ ਸ੍ਰੀ ਗੁਰੂ ਰਾਮਦਾਸ ਲੰਗਰ 'ਚ ਹੱਥੀ ਸੇਵਾ ਕਰਕੇ ਰੂਹਾਨੀ ਅਨੰਦ ਮਾਣਿਆ ਹੈ। ਉਨ੍ਹਾਂ ਕਿਹਾ ਕਿ ਸਰਦਾਰਨੀ ਸੁਰਿੰਦਰ ਕੌਰ ਬਾਦਲ ਦੀ ਪ੍ਰੇਰਨਾ ਨਾਲ ਸ੍ਰੀ ਗੁਰੂ ਰਾਮਦਾਸ ਲੰਗਰ 'ਚ ਸੇਵਾ ਪ੍ਰਤੀ ਸੰਗਤਾਂ 'ਚ ਵੱਡਾ ਉਤਸਾਹ ਬਣਿਆ ਹੈ ਅਤੇ ਉਹ ਮਾਈ-ਭਾਈ ਜੋ ਆਪਣੇ ਪਰਿਵਾਰਕ ਰੁਝੇਵਿਆਂ ਕਾਰਨ ਇਕੱਲਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਨਹੀਂ ਸੀ ਆ ਸਕਦੇ, ਸੇਵਾ ਦੀ ਇਸ ਪ੍ਰੇਰਨਾ ਨਾਲ ਉਨ੍ਹਾਂ ਨੂੰ ਸੰਗਤੀ ਰੂਪ 'ਚ ਅੰਮ੍ਰਿਤਸਰ ਪੁੱਜ ਕੇ ਲੰਗਰ 'ਚ ਹੱਥੀ ਸੇਵਾ ਕਰਨ ਦੇ ਨਾਲ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਇਸ਼ਨਾਨ ਦਾ ਸੁਭਾਗ ਵੀ ਪ੍ਰਾਪਤ ਹੋਇਆ ਹੈ। ਉਨ੍ਹਾਂ ਦੇ ਨਾਲ ਭਾਰੀ ਗਿਣਤੀ ਵਿੱਚ ਹਲਕਾ ਜਲੰਧਰ ਕੈਂਟ ਦੀਆਂ ਸੰਗਤਾਂ ਨੇ ਸ੍ਰੀ ਗੁਰੂ ਰਾਮਦਾਸ ਲੰਗਰ 'ਚ ਸੇਵਾ ਕੀਤੀ। ਸ. ਜਗਬੀਰ ਸਿੰਘ (ਬਰਾੜ) ਅਤੇ ਉਨ੍ਹਾਂ ਦੇ ਨਾਲ ਆਈਆਂ ਸੰਗਤਾਂ ਨੂੰ ਮੀਤ ਸਕੱਤਰ ਸ. ਕੁਲਦੀਪ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਤੇ ਸਿਰੋਪਾਓ ਨਾਲ ਸਨਮਾਨਿਤ ਕੀਤਾ।

ਕੇਂਦਰ ਸਰਕਾਰ ਹੁਣ ਲੋਕਾਂ ਦੇ ਚੁੱਲ੍ਹੇ ਤੱਕ ਬੁਝਾਉਣ 'ਤੇ ਉਤਾਰੂ - ਪ੍ਰੋ.ਸਰਚਾਂਦ, ਧੁੰਨ

ਮਜੀਠਾ 5 ਫਰਵਰੀ (ਸ਼ੁਭਾਸ ਮਜੀਠਾ)- ਸ਼੍ਰੋਮਣੀ ਅਕਾਲੀ ਦਲ ਜਿਲ੍ਹਾ ਅਮ੍ਰਿਤਸਰ ਦਿਹਾਤੀ ਦੇ ਮੀਡੀਆ ਇੰਚਾਰਜ ਪ੍ਰੋ. ਸਰਚਾਂਦ ਸਿੰਘ ਖਿਆਲਾ, ਜਿਲ੍ਹਾ ਪ੍ਰੀਸ਼ਦ ਮੈਂਬਰ ਸਤਿੰਦਰ ਪਾਲ ਸਿੰਘ ਹੈਪੀ ਸੰਧੂ ਅਤੇ ਆਲਮਬੀਰ ਸਿੰਘ ਧੁੰਨ ਨੇ ਕਿਹਾ ਕਿ ਕੇਂਦਰ ਸਰਕਾਰ ਰਸੋਈ ਗੈਸ ਸਿਲੰਡਰ ਦੀ ਕੀਮਤ ਵਿਚ 100 ਰੁਪੈ ਤੱਕ ਤੇ ਪੈਟਰੋਲ, ਡੀਜ਼ਲ ਅਤੇ ਮਿਟੀ ਦੇ ਤੇਲ ਕੀਮਤਾਂ ਵਿਚ ਬੇਤਹਾਸ਼ਾ ਵਾਧਾ ਕਰਕੇ ਜਿਥੇ ਪਹਿਲਾਂ ਤੋਂ ਹੀ ਮਹਿੰਗਾਈ ਨਾਲ ਬੁਰੀ ਤਰਾਂ ਪਿਸ ਰਹੀ ਜਨਤਾ ਦਾ ਰਹਿੰਦਾ ਖੂੰਦਾ ਚੁੱਲ੍ਹਾ ਵੀ ਬੁਝਾ ਦੇਣਾ ਚਾਹੁੰਦੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰੋ. ਸਰਚਾਂਦ ਸਿੰਘ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਕੇਂਦਰ ਸਰਕਾਰ ਨੇ ਪੈਟਰੋਲੀਅਮ ਵਸਤਾਂ ਸੰਬੰਧੀ ਪਾਰਿਖ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕੀਤੀਆਂ ਤਾਂ ਲੋਕਾਂ ਦੇ ਦੇਸ਼ ਵਿਆਪੀ ਰੋਸ ਦਾ ਸਾਹਮਣਾ ਕਰਨਾ ਪਵੇਗਾ। ਅਕਾਲੀ ਆਗੂਆਂ ਨੇ ਕਿਹਾ ਕਿ ਪੈਟਰੋਲੀਅਮ ਵਸਤਾਂ ਸੰਬੰਧੀ ਪਾਰਿਖ ਕਮੇਟੀ ਦੀਆਂ ਸਿਫਾਰਸ਼ਾਂ ਵਿਰੁਧ ਲੋਕਾਂ ਨੂੰ ਲਾਮਬੱਧ ਹੋਣ ਦਾ ਸਦਾ ਦਿਤਾ । ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲੋਕ ਮਾਰੂ ਗਰਦਾਨ ਦਿਆਂ ਉਹਨਾਂ ਇਸ ਦੀ ਸਖ਼ਤ ਆਲੋਚਨਾ ਕੀਤੀ ਤੇ ਕਿਹਾ ਕਿ ਸੱਚ ਤਾਂ ਇਹ ਹੈ ਕਿ ਸਰਕਾਰ ਉਕਤ ਕਮੇਟੀ ਦੀਆਂ ਸਿਫਾਰਸ਼ਾਂ ਰਾਹੀਂ ਤੇਲ ਕੀਮਤਾਂ ਨੂੰ ਕੰਟਰੋਲ ਮੁਕਤ ਕਰਕੇ ਪਬਲਿਕ ਸੈਕਟਰ ਦੀਆਂ ਤੇਲ ਕੰਪਨੀਆਂ ਨੂੰ ਹਰ ਹੀਲੇ ਛੇਤੀ ਤੋਂ ਛੇਤੀ ਲਾਭ ਪਹੁੰਚਾਉਣਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਲੱਕ ਤੋੜਵੀਂ ਮਹਿੰਗਾਈ ਲਈ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਨੂੰ ਜਿੰਮੇਵਾਰ ਹਨ । ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਖੇਤੀਬਾੜੀ ਮੰਤਰੀ ਵਲੋਂ ਮਹਿੰਗਾਈ ਲਈ ਇਕ ਦੂਜੇ ਨੂੰ ਜਿੰਮੇਵਾਰ ਠਹਿਰਾਉਣ ਤੋਂ ਸਪਸ਼ਟ ਹੈ ਕਿ ਸਰਕਾਰ ਦੀ ਮਹਿੰਗਾਈ ਨੂੰ ਰੋਕਣ ਵਿਚ ਕੋਈ ਦਿਲਚਸਪੀ ਨਹੀਂ। ਉਹਨਾਂ ਮਹਿੰਗਾਈ ਦਾ ਮੁੱਦਾ ਸੂਬਾ ਸਰਕਾਰਾਂ ਸਿਰ ਠੋਪਣ ਅਤੇ ਸੂਬਾ ਸਰਕਾਰਾਂ ਨੂੰ ਕੀਮਤਾਂ 'ਚ ਵਾਧਾ ਰੋਕਣ ਸੰਬੰਧੀ ਪ੍ਰਧਾਨ ਮੰਤਰੀ ਦੇ ਬਿਆਨ ਨੂੰ ਬੇ ਤੁੱਕਾ ਦੱਸਦਿਆਂ ਕਿਹਾ ਕਿ ਜੇ ਕੇਂਦਰ ਸਰਕਾਰ ਮਹਿੰਗਾਈ ਰੋਕਣ ਵਿਚ ਵਾਕਿਆ ਹੀ ਸੰਜੀਦਾ ਹੈ ਅਤੇ ਰਾਜਾਂ ਸਿਰ ਉਕਤ ਜਿੰਮੇਵਾਰੀ ਪਾਉਣਾ ਚਾਹੁੰਦੀ ਹੈ ਤਾਂ ਪੂਰੀ ਇਮਾਨਦਾਰੀ ਅਤੇ ਪੂਰੀ ਸਿਆਸੀ ਇੱਛਾ ਸ਼ਕਤੀ ਨਾਲ ਰਾਜਾਂ ਨੂੰ ਉਕਤ ਵਿਸ਼ੇ ਨਾਲ ਸੰਬੰਧਿਤ ਪੂਰਨ ਅਧਿਕਾਰ ਦੇਣਾ ਚਾਹੀਦਾ ਹੈ। ਉਹਨਾਂ ਉਕਤ ਮੁੱਦੇ ਉੱਤੇ ਪੰਜਾਬ ਕਾਂਗਰਸ ਦੀ ਚੁੱਪੀ 'ਤੇ ਹੈਰਾਨੀ ਪ੍ਰਗਟ ਕੀਤੀ। ਇਸ ਮੌਕੇ ਉਹਨਾਂ ਨਾਲ ਹਰਮਨ ਪੰਨੂੰ, ਸੁਖ ਕੋਟ ਖਾਲਸਾ, ਸਰਪੰਚ ਜਸਵਿੰਦਰ ਸਿੰਘ ਡਰੀਲੀ, ਸੋਨੂੰ ਨਾਰਨੀ, ਸ਼ਿਸਪਾਲ ਸਿੰਘ ਮੀਰਾਂਕੋਟ, ਬਰਜਿੰਦਰ ਸਿੰਘ ਮੀਰਾਂਕੋਟ ਅਤੇ ਮਨਜੀਤ ਸਿੰਘ ਕੋਟਲਾ ਆਦਿ ਆਗੂ ਵੀ ਹਾਜ਼ਰ ਸਨ।

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਅਕਾਲੀ ਦਲ ਜਿਲ੍ਹਾ ਮੀਡੀਆ ਇੰਚਾਰਜ ਪ੍ਰੋ:ਸਰਚਾਂਦ ਸਿੰਘ, ਹੈਪੀ ਸੰਧੂ , ਆਲਮਬੀਰ ਸਿੰਘ ਧੁੰਨ ਤੇ ਹੋਰ। ਫੋਟੋ ਸ਼ੁਭਾਸ ਮਜੀਠਾ

ਦੋਸ਼ੀਆਂ ਦੀ ਗ੍ਰਿਫਤਾਰੀ ਲਈ ਜ਼ੋਰਦਾਰ ਮੁਜ਼ਾਹਰਾ

ਅੰਮ੍ਰਿਤਸਰ, 5 ਫਰਵਰੀ (ਮੋਤਾ ਸਿੰਘ)-ਸੰਗਰੂਰ ਦੇ ਵਿੱਚ ਆਪਣੇ-ਆਪਣੇ ਆਪ ਨੂੰ ਮਾਤਾ ਦਾ ਦਰਜਾ ਦੇ ਕੇ ਇੱਕ ਪਾਖੰਡੀ ਔਰਤ ਕੁਲਦੀਪ ਕੌਰ ਨੇ ਅੰਮ੍ਰਿਤਸਰ ਦੇ ਇੱਕ ਪਰਿਵਾਰ ਨੂੰ ਆਪਣੇ ਛਿਕੰਜੇ ਵਿੱਚ ਬੁਰੀ ਤਰ੍ਹਾਂ ਫਸਾ ਕੇ ਉਨ੍ਹਾਂ ਦੇ ਇੱਕ 18 ਸਾਲਾਂ ਦੇ ਨੌਜਵਾਨ ਲੜਕੇ ਨੂੰ 16 ਦਸੰਬਰ ਨੂੰ ਆਪਣੇ ਕੋਲ ਬੁਲਾ ਲਿਆ ਤੇ ਜਦੋਂ ਘਰ ਵਾਲਿਆਂ ਨੇ ਉਸ ਦੀ ਭਾਲ ਕੀਤੀ ਤਾਂ ਪਤਾ ਲੱਗਾ ਕਿ ਉਹ ਆਪਣੇ ਮਕਾਨ ਦੀ ਰਜਿਸਟਰੀ ਘਰ ਦੇ ਗਹਿਣੇ ਤੇ ਨਕਦੀ ਰੁਪਏ ਲੈ ਗਿਆ ਸੀ। ਪਾਖੰਡੀ ਮਾਤਾ ਨੂੰ ਪੁੱਛਣ ਤੇ ਜਦੋਂ ਉਸਦਾ ਅਤਾ ਪਤਾ ਨਾ ਮਿਲਿਆ ਤਾਂ 22 ਦਸੰਬਰ ਨੂੰ ਉਸਦੀ ਲਾਸ਼ ਸੁਤਲਾਨਵਿੰਡ ਰੋਡ 'ਤੇ ਨਹਿਰ ਤੇ ਬਰਾਮਦ ਹੋਈ ਤਾਂ ਪੁਲਿਸ ਨੇ ਐਫ ਆਰ ਆਈ ਨੰ. 204 ਕੁਲਦੀਪ ਕੌਰ ਉਸਦਾ ਪਤੀ ਸੁਖੀ ਤੇ ਡਰਾਇਵਰ ਗੁਰਜੰਟ ਸਿੰਘ ਦਰਜ ਕਰਕੇ ਭਾਲ ਸ਼ੁਰੂ ਕਰ ਦਿੱਤੀ। ਪੁਲਿਸ ਵੱਲੋਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਾ ਕੀਤੇ ਜਾਣ ਕਾਰਨ ਅੱਜ ਭਾਰਤ ਸਿੱਖ ਬਰਾਦਰੀ ਨੇ ਅੰਮ੍ਰਿਤਸਰ ਦੇ ਹਾਲ ਗੇਟ ਦੇ ਬਾਹਰ ਰੋਸ ਮੁਜਾਹਰਾ ਕੀਤਾ। ਤੇ ਪੁਲਿਸ ਦੇ ਖਿਲਾਫ਼ ਨਾਅਰੇਬਾਜ਼ੀ ਕੀਤੀ। ਭਾਰਤ ਸਿੱਖ ਬਰਾਦਰੀ ਅਤੇ ਸਿੰਘ ਸਭਾ ਭਾਰ ਸੰਗਤ ਦਸਤਾ ਕੋਟ ਦੇ ਪ੍ਰਧਾਨ ਰਛਪਾਲ ਸਿੰਘ ਨੇ ਪੁਲਿਸ ਨੂੰ ਚੇਤਾਵਨੀ ਦਿੰਦਿਆ ਹੋਇਆ ਕਿਹਾ ਜੇਕਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਅਸੀਂ ਆਪਣਾ ਸੰਘਰਸ਼ ਹੋਰ ਤੇਜ਼ ਕਰਾਂਗੇ। ਜਿਸਦੀ ਜਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ।

ਵੈਟਰਨਰੀ ਅਫਸਰਾਂ ਇੰਸਪੈਕਟਰਾਂ ਨੂੰ ਟ੍ਰੇਨਿੰਗ ਦਿੱਤੀ

ਕਪੂਰਥਲਾ, 5 ਫਰਵਰੀ (ਵਧਵਾ)-5 ਫਰਵਰੀ-ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀ ਰਾਜ ਕਮਲ ਚੌਧਰੀ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਨਿਸਟਰੇਸ਼ਨ ਦੇ ਜ਼ਿਲ੍ਹਾ ਸਿਖਲਾਈ ਕੇਂਦਰ ਵੱਲੋਂ ਜ਼ਿਲ੍ਹਾ ਕਪੂਰਥਲਾ ਦੇ ਵੈਟਰਨਰੀ ਅਫਸਰਾਂ ਅਤੇ ਵੈਟਰਨਰੀ ਇੰਸਪੈਕਟਰਾਂ ਨੂੰ ਫੀਲਡ ਪਰਫਾਰਮੈਂਸ ਅਤੇ ਪਰੋਜਨੀ ਟੈਸਟਿੰਗ ਸਬੰਧੀ ਟ੍ਰੇਨਿੰਗ ਦਿੱਤੀ ਗਈ। ਇਸ ਟ੍ਰੇਨਿੰਗ ਵਿੱਚ 70 ਵੈਟਰਨਰੀ ਅਫਸਰਾਂ-ਇੰਸਪੈਕਟਰਾਂ ਵੱਲੋਂ ਭਾਗ ਲਿਆ। ਟਰੇਨਿੰਗ ਪ੍ਰੋਗਰਾਮ ਦੇ ਸ਼ੁਰੂ ਵਿੱਚ ਸ੍ਰੀ ਆਰ.ਸੀ.ਬਿਰਹਾ ਪ੍ਰੋਗਰਾਮ-ਕੁਆਰਡੀਨੇਟਰ, ਮੈਗਸੀਪਾ, ਕਪੂਰਥਲਾ ਵੱਲੋਂ ਸ੍ਰੀ ਕੰਵਰ ਸ਼ੇਰ ਸਿੰਘ ਧੰਜੂ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਡਾ. ਜਸਪਾਲ ਸਿੰਘ ਘੁੰਮਣ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ. ਜਸਪਾਲ ਸਿੰਘ ਸਹਾਇਕ ਨਿਰਦੇਸ਼ਕ ਮੁੱਖ ਦਫਤਰ ਅਤੇ ਹੋਰ ਭਾਗ ਲੈਣ ਵਾਲੇ ਡੈਲੀਗੇਟਸ ਨੂੰ ਜੀ ਆਇਆਂ ਕਿਹਾ ਅਤੇ ਇੰਸਟੀਚਿਊਟ ਵੱਲੋਂ ਜ਼ਿਲ੍ਹੇ ਵਿੱਚ ਦਿੱਤੀਆਂ ਜਾ ਰਹੀਆਂ ਟ੍ਰੇਨਿੰਗਾਂ-ਵਰਕਸ਼ਾਪਸ ਬਾਰੇ ਸਮੂਹ ਪਾਰਟੀਸਿਪੇਟਸ ਦੇ ਧਿਆਨ ਵਿੱਚ ਲਿਆਂਦਾ ਗਿਆ। ਇਸ ਟ੍ਰੇਨਿੰਗ ਵਰਕਸ਼ਾਪ ਦਾ ਉਦਘਾਟਨ ਕਰਦੇ ਹੋਏ ਸ੍ਰੀ ਕੰਵਰ ਸ਼ੇਰ ਸਿੰਘ ਧੰਜੂ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵੱਲੋਂ ਭਾਗ ਲੈਣ ਵਾਲਿਆਂ ਨੂੰ ਬੇਜ਼ੁਬਾਨਿਆਂ ਦੀ ਸੇਵਾ ਲਈ ਸਮਰਪਿਤ ਹੋਣ ਅਤੇ ਜ਼ਿਲ੍ਹਾ ਪੱਧਰ ਤੇ ਆਯੋਜਿਤ ਕੀਤੀਆਂ ਜਾ ਰਹੀਆਂ ਅਜਿਹੀਆਂ ਟ੍ਰੇਨਿੰਗਾਂ-ਵਰਕਸ਼ਾਪਸ ਦਾ ਭਰਪੂਰ ਲਾਭ ਲੈਣ ਲਈ ਪ੍ਰੇਰਿਤ ਕੀਤਾ ਗਿਆ।

ਵਿਦਿਆਰਥਣ ਉਪਨੀਤ ਕੌਰ ਸਨਮਾਨਿਤ

ਜਲੰਧਰ, 5 ਫਰਵਰੀ (ਪੱਤਰ ਪ੍ਰੇਰਕ)-ਐੱਮ.ਜੀ.ਐੱਨ. ਪਬਲਿਕ ਸਕੂਲ ਆਦਰਸ਼ ਨਗਰ ਜਲੰਧਰ ਦੀ ਵਿਦਿਆਰਥਣ ਉਪਨੀਤ ਕੌਰ ਧਾਲੀਵਾਲ ਨੂੰ 26 ਜਨਵਰੀ ਗਣਤੰਤਰ ਦਿਵਸ ਮੌਕੇ ਸਿੱਖਿਆ ਦੇ ਖੇਤਰ ਦੀਆਂ ਪ੍ਰਾਪਤੀਆਂ ਕਰਕੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਨੇ ਦਿੱਤਾ। ਆਰਟਸ ਗਰੁੱਪ ਦੇ ਹਿਸਟਰੀ, ਪੋਲਟੀਕਲ ਸਾਇੰਸ ਤੇ ਭੂਗੋਲ ਵਿੱਚੋਂ 95 ਫੀਸਦੀ ਅੰਕ ਸੀ.ਬੀ.ਐੱਸ. ਵੀ ਬੋਰਡ ਵਿੱਚੋਂ ਪ੍ਰਾਪਤ ਕੀਤੇ ਸਨ। ਇਹ ਜ਼ਿਲ੍ਹਾ ਪੱਧਰ ਤੇ ਪਹਿਲੇ ਦਰਜੇ 'ਤੇ ਰਹੀ ਹੈ। ਮੁੱਖ ਮਹਿਮਾਨ ਸ. ਰਣਜੀਤ ਸਿੰਘ ਬ੍ਰਹਮਪੁਰਾ (ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ) ਨੇ ਗੋਲਡ ਮੈਡਲ ਅਤੇ ਸਰਟੀਫਿਕੇਟ ਪ੍ਰਦਾਨ ਕੀਤੇ। ਇਸ ਮੌਕੇ ਡਿਪਟੀ ਕਮਿਸ਼ਨਰ ਜਲੰਧਰ, ਸ. ਅਜੀਤ ਸਿੰਘ ਪਨੂੰ ਅਤੇ ਐੱਸ.ਐੱਸ.ਪੀ. ਆਰ.ਕੇ. ਜਸਪਾਲ ਵੀ ਹਾਜ਼ਰ ਸਨ। ਇਸ ਵਿਦਿਆਰਥਣ ਨੇ ਇੱਥੇ ਆਪਣੇ ਮਾਪਿਆਂ ਨੂੰ ਦਾ ਨਾਂਅ ਰੌਸ਼ਨ ਕੀਤਾ, ਉੱਥੇ ਆਪਣੇ ਸ਼ਹਿਰ ਅਤੇ ਸਕੂਲ ਨੂੰ ਵੀ ਖੂਬ ਚਮਕਾਇਆ ਹੈ। ਐੱਮ.ਜੀ.ਐੱਨ. ਐਜੂਕੇਸ਼ਨਲ ਟਰੱਸਟ ਦੇ ਆਨਰੇਰੀ ਸਕੱਤਰ, ਸ. ਜਰਨੈਲ ਸਿੰਘ ਪਸਰੀਚਾ, ਪ੍ਰਿੰਸੀਪਲ ਸਤਵੰਤ ਗਾਖਲ ਅਤੇ ਸਭ ਅਧਿਆਪਕ ਸਾਹਿਬਾਨ ਇਸ ਨੂੰ ਤਹਿ ਦਿਲੋਂ ਵਧਾਈ ਦਿੰਦੇ ਹਨ।

ਗੁਰੂ ਘਰ ਦੀ ਨਿਸ਼ਕਾਮ ਸੇਵਕ ਬੀਬੀ ਨਸੀਬ ਕੌਰ ਮਾਛੀਵਾੜਾ

ਭੋਗ 'ਤੇ ਵਿਸ਼ੇਸ਼

ਮਾਤਾ ਨਸੀਬ ਕੌਰ ਲੋਟੇ ਮਾਛੀਵਾੜਾ ਦਾ ਜਨਮ ਸੰਨ 1935 ਈ. ਵੀ. ਵਿੱਚ ਮਾਤਾ ਰਤਨ ਕੌਰ ਜੀ ਦੀ ਕੁੱਖੋ ਪਿਤਾ ਸ. ਧਿਆਨ ਸਿੰਘ ਦੇ ਘਰ ਪਿੰਡ ਬਰੌਲੀ ਨੇੜੇ ਘੰਘੂਆ ਵਿਖੇ ਹੋਇਆ। ਆਪ ਜੀ ਨੂੰ ਛੋਟੀ ਉਮਰ ਤੋਂ ਹੀ ਗੁਰੂ ਘਰ ਦੀ ਸੇਵਾ ਕਰਨ, ਗੁਰਬਾਣੀ ਪੜ੍ਹਨ ਅਤੇ ਸ਼ਬਦ ਕੀਰਤਨ ਕਰਨ ਦੀ ਲਗਨ ਲੱਗ ਗਈ ਸੀ। ਮਾਤਾ ਜੀ ਦਾ ਵਿਆਹ ਇਤਿਹਾਸਕ ਨਗਰ ਮਾਛੀਵਾੜਾ ਦੇ ਨਾਮੀ ਲੋਟੇ ਪ੍ਰੀਵਾਰ ਦੇ ਹੋਣਹਾਰ ਲੜਕੇ ਸ. ਅਨੰਤ ਸਿੰਘ ਲੋਟੇ ਘੜੀਸਾਜ ਨਾਲ ਹੋਇਆ। ਵਾਹਿਗੁਰੂ ਨੇ ਮਾਤਾ ਜੀ ਨੂੰ ਤਿੰਨ ਪੁੱਤਰਾਂ ਤੇ ਦੋ ਧੀਆਂ ਦੀ ਦਾਤ ਬਖਸ਼ੀ। ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਉਚੇਰੀ ਵਿਦਿਆ ਹਾਸਲ ਕਰਵਾਈ ਅਤੇ ਚੰਗੇ ਸਰਕਾਰੀ ਅਹੁਦਿਆ ਤੱਕ ਪਹੁੰਚਾਇਆ ਤੇ ਹੱਕ ਸੱਚ ਧਰਮ ਦਾ ਜੀਵਨ ਜਿਉਣ ਦੀ ਜਾਂਚ ਸਿਖਲਾਈ। ਮਾਤਾ ਜੀ ਦੀ ਸਿਖ ਧਰਮ ਵਿੱਚ ਅਥਾਹ ਸ਼ਰਧਾ ਸੀ ਜਿਸ ਕਰਕੇ ਮਾਤਾ ਜੀ ਨੇ ਇੱਥੋਂ ਦੇ ਇਤਿਹਾਸਕ ਗੁ. ਚੁਬਾਰਾ ਸਾਹਿਬ ਵਿਖੇ ਮਾਤਾ ਹਰਦੇਈ ਜੀ ਦੀ ਯਾਦ ਨੂੰ ਹਮੇਸ਼ਾ ਤਾਜਾ ਰੱਖਣ ਲਈ ਮਾਤਾ ਹਰਦੇਈ ਇਸਤਰੀ ਸਤਸੰਗ ਸਭਾ ਦਾ ਗਠਨ 1972 ਵਿੱਚ ਕੀਤਾ ਤੇ ਬੀਬੀਆਂ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਕਰਨ ਦੀ ਪ੍ਰੰਪਰਾ ਆਰੰਭ ਕੀਤੀ ਜੋ ਅੱਜ ਵੀ ਨਿਰੰਤਰ ਜਾਰੀ ਹੈ। ਮਾਤਾ ਜੀ ਲੰਮਾ ਸਮਾਂ (17 ਸਾਲ) ਇਸ ਸਭਾ ਦੇ ਪ੍ਰਧਾਨ ਰਹੇ। ਇਨ੍ਹਾਂ ਦੀ ਦੇਖ-ਰੇਖ ਹੇਠ ਬੀਬੀਆਂ ਵੱਲੋਂ ਗੁਰਦੁਆਰਾ ਸਾਹਿਬ ਦੀ ਬਣ ਚੁੱਕੀ ਇਮਾਰਤ ਦੀ ਕਾਰ ਸੇਵਾ ਵਿੱਚ ਭਰਪੂਰ ਹਿੱਸਾ ਪਾਇਆ ਗਿਆ। ਕੁਝ ਸਮਾਂ ਪਹਿਲਾਂ ਮਾਤਾ ਜੀ ਇਕ ਨਾ-ਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਗਏ। ਪਰਿਵਾਰ ਵੱਲੋਂ ਮਾਤਾ ਜੀ ਦੀ ਬਹੁਤ ਸੇਵਾ ਸੰਭਾਲ ਕੀਤੀ ਗਈ। ਮਾਤਾ ਜੀ ਮਿਤੀ 29 ਜਨਵਰੀ 2010 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਪਰਿਵਾਰ ਵੱਲੋਂ ਮਾਤਾ ਜੀ ਦੀ ਆਤਮਿਕ ਸਾਂਤੀ ਨਮਿੱਤ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ ਅਤੇ ਅੰਮਿਤ ਅਰਦਾਸ ਮਿਤੀ 7 ਫਰਵਰੀ 2010 ਦਿਨ ਐਤਵਾਰ ਨੂੰ ਗੁ. ਗਨੀ ਖਾਂ ਨਬੀ ਖਾਂ ਮਾਛੀਵਾੜਾ ਵਿਖੇ ਬਾਅਦ ਦੁਪਹਿਰ 1 ਤੋਂ 2 ਵਜੇ ਹੋਵੇਗੀ। ਇਸ ਮੌਕੇ ਇਲਾਕੇ ਦੀਆਂ ਰਾਜਨੀਤਿਕ ਸਮਾਜਿਕ ਤੇ ਧਾਰਮਿਕ ਜੱਥੇਬੰਦੀਆਂ ਦੇ ਆਗੂ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ।

ਆਹ ! ਮਾਂ ਦਾ ਸਰਵਣ ਪੁੱਤ ਐਡਵੋਕੇਟ ਵਿਜੇਪਾਲ ਸਿੰਘ

ਭੋਗ 'ਤੇ ਵਿਸ਼ੇਸ਼

ਐਡਵੋਕੇਟ ਵਿਜੇਪਾਲ ਸਿੰਘ ਐੱਮ.ਏ. ਐੱਲ.ਐੱਲ.ਬੀ. (ਪੰਜਾਬ ਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ) ਪਿਤਾ ਮਹਿੰਦਰ ਰਾਮ 'ਪਾਲ' ਸੀਨੀਅਰ ਅਸਿਸਟੈਂਟ ਪੰਜਾਬ ਸਕੂਲ ਸਿਖਿਆ ਬੋਰਡ ਅਤੇ ਮਾਤਾ ਗੁਰਬਚਨ ਕੌਰ ਦਾ ਸਰਵਣ ਪੁੱਤ ਸਾਥੋਂ 27 ਜਨਵਰੀ 2010 ਨੂੰ ਇੱਕ ਟਿਮ-ਟਿਮਾਉਂਦੇ ਤਾਰੇ ਦੀ ਤਰ੍ਹਾਂ ਬੇਸ਼ੱਕ ਸਦਾ ਲਈ ਅਪੋਲ ਹੋ ਗਿਆ ਹੈ, ਪਰ ਉਸ ਵੱਲੋਂ ਮਾਂ ਦੀ ਮਮਤਾ ਨਾਲ ਕੀਤੀਆਂ ਅਠਖੇਲੀਆਂ ਦਿਲ ਨੂੰ ਧੂਅ ਪਾਉਂਦੀਆਂ ਹਨ, ਐਡਵੋਕੇਟ ਦਾ ਜਨਮ 19 ਮਾਰਚ 1978 ਨੂੰ ਨਾਨਕੇ ਘਰ ਪਿੰਡ ਜੌਹਲ ਨੇੜੇ ਗੁਰਾਇਆ ਵਿਖੇ ਹੋਇਆ। ਇਸ ਧਰਤੀ 'ਤੇ ਕਈ ਤਰ੍ਹਾਂ ਲੋਕਾਂ ਨੇ ਜਨਮ ਲਿਆ, ਕਈ ਤਰ੍ਹਾਂ ਤੋਂ ਭਾਵ ਕਿ ਕੁਝ ਇਨਸਾਨ ਜੋ ਵਿਰਲੇ ਤੇ ਰੱਬੀ ਫੁਰਮਾਨਾਂ ਨਾਲ ਜੀਵਨ ਬਿਤਾਉਂਦੇ ਹਨ, ਉਹ ਵੱਖਰਾ ਮੁਕਾਮ ਹਾਸਲ ਕਰ ਲੈਂਦੇ ਹਨ, ਜਿਨ੍ਹਾਂ ਵਿੱਚੋਂ ਐਡਵੋਕੇਟ ਵੀ ਇੱਕ ਸਨ। ਐਡਵੋਕੇਟ ਨਾਲ ਹਾਦਸਾ ਇੰਜ ਵਾਪਰਿਆ ਕਿ ਦੋਸਤਾਂ ਨੇ ਸਲਾਹ ਦਿੱਤੀ ਕਿ ਖਾਣਾ ਹੋਟਲ ਤੋਂ ਲਿਆ ਕੇ ਖਾਧਾ ਜਾਵੇ। ਉਹ ਖਰੜ (ਨੇੜੇ ਚੰਡੀਗੜ੍ਹ) ਆਪਣੇ ਦੋਸਤਾਂ ਦੇ ਨਾਲ ਬਾਈਕ ਤੇ ਸਵਾਰ ਹੋ ਕੇ ਹੋਟਲ ਵੱਲ ਨੂੰ ਚੱਲ ਪਏ ਤੇ ਰਸਤੇ ਵਿੱਚ ਹੀ ਕਿਸੇ ਅਣਪਛਾਤੇ ਵਾਹਨ ਦੀ ਲਪੇਟ ਵਿੱਚ ਆ ਗਏ। ਦੋਹਾਂ ਨੂੰ ਭਾਰੀ ਸੱਟਾਂ ਦਰਮਿਆਨ ਪੀ.ਜੀ.ਆਈ. ਚੰਡੀਗੜ੍ਹ ਵਿੱਚ ਦਾਖਲ ਕਰਵਾਇਆ, ਜਿੱਥੇ ਐਡਵੋਕੇਟ ਵਿਜੈਪਾਲ ਸਿੰਘ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਂਵਾਕ ਅਨੁਸਾਰ 'ਘੱਲੇ ਆਵੇ ਨਾਨਕਾ, ਸੱਦੇ ਤੇ ਉਠਿ ਜਾਇ' ਮੁਤਾਬਿਕ ਇਸ ਦੁਨੀਆਂ ਤੋਂ ਸਦਾ-ਸਦਾ ਲਈ ਵਿਛੜ ਗਏ, ਪਰ ਉਸ ਦਾ ਸਾਥੀ ਜੇਰੇ ਇਲਾਜ ਹੈ। ਪੰਜਾਬੀ ਦੇ ਮਸ਼ਹੂਰ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੇ ਆਪਣੀਆਂ ਪੰਕਤੀਆਂ ਦੀ ਰਚਨਾ ਸ਼ਾਇਦ ਕਿਸੇ ਨੌਜਵਾਨ ਦੀ ਮੌਤ ਨੂੰ ਵੇਖ ਕੇ ਦੀ ਉਕਰੀਆਂ ਲੱਗਦੀਆਂ ਹਨ।

'ਚੜ੍ਹਦੀ ਉਮਰੇ ਜੋ ਵੀ ਮਰਦਾ,
ਫੁੱਲ ਬਣੇ ਜਾਂ ਤਾਰਾ,
ਚੜ੍ਹਦੀ ਉਮਰੇ ਆਸ਼ਕ ਮਰਦੇ, ਜਾਂ
ਕੋਈ ਕਰਮਾਂ ਵਾਲਾ।'

ਖਾਸਕਰ ਅਸੀਂ ਅੱਜ ਇਸ ਦੁੱਖ ਦੀ ਘੜੀ 'ਤੇ ਕਦੇ ਤਾਂ ਫੁੱਲ ਵੱਲ ਦੇਖਦੇ ਹਾਂ ਤੇ ਕਦੇ ਅਸਮਾਨ ਵੱਲੋਂ।

ਰਿਪੋਰਟ-ਅਮਰੀਕ ਸਿੰਘ/ਮੇਹਰ ਮਲਿਕ

ਕਲਾਸੀਫਾਈਡ

CHANNGE OF NAME

I, Reema Bangar W/o Tejinder Bains R/o H. No. 627/2, Street No. 1, Mohalla Tibba Sahib, Hoshiarpur have Changed my name from Reema Bangar to Reema Bains. All Concerned Note Please.

I, Raghbir Singh S/o Sh. Gurdial Singh R/o V.P.O. Tanuli, P.S. Mehtiana, Teh.& Distt. Hoshiarpur (PB.) India have Changed my name from Raghbir Singh to Raghbir Singh Sangha. All Concerned Note Please.

I, Sukhdeep Kaur W/o Sh. Raghbir Singh Sangha R/o V.P.O. Tanuli, P.S. Mehtiana, Teh.& Distt. Hoshiarpur (PB.) India have Changed my name from Sukhdeep Kaur to Sukhdeep Kaur Sangha. All Concerned Note Please.

I, Harpal Singh S/o Raghunath Singh R/o Vill. Parowal, P.O. Teh. Garhshankar (Hoshiarpur) PB. have Changed my Minor Son from Gurinder Singh to Gurinder Singh Garcha.

I, Kulwant Singh Dulay S/o Piara Singh Dulay R/o V.P.O. Partabpura, Teh. Phillaur, Distt. Jalandhar, PB. India have Changed The name of my Minor Son Jaskaran Singh to Jaskaran Singh Dulay.

I, Kulwant Singh Dulay S/o Piara Singh Dulay R/o V.P.O.Partabpura, Teh. Phillaur, Distt. Jalandhar, PB. India have Changed The name of my Minor Son Navjot Singh to Navjot Singh Dulay.

We Gurmit Singh S/o Banarsi and Jasvir Kaur W/o Gurmit Singh R/o V.P.O. Pasla, Teh. Phillaur, Distt. Jalandhar, PB. Miss Navjot is Our Real Daughter her Changed of name from Navjot to Navjot Kaur.

I, Sukhwinder Singh S/o Satnam Singh R/o H.No. 83/19 L-10 Ram Singh Colony Sultanwind Road Amritsar have Changed my name from Sukhwinder Singh to Sukhwinder Singh Saini. All Concerned May Note Please.

I, Jaspreet Kaur D/o Ranjit Singh R/o H.No. 5482, Gali No-2, Gobind Nagar Sultanwind Road Amritsar have Changed my name from Jaspreet Kaur to Jaspreet Kaur Saggu. All Concerned Please.

I, Sukhwinder S/o Mohinder Pal R/o Vill. Rasulpur, P.O. Phillaur, Distt. Jalandhar, PB. India have Changed my name from Sukhwinder to Sukhwinder Kumar.

ਨਾਮ ਦੀ ਬਦਲੀ

ਮੈਂ ਸੁਖਦੀਪ ਕੌਰ ਪਤਨੀ ਰਾਜਿੰਦਰ ਸਿੰਘ ਗਿੱਲ ਵਾਸੀ ਜ਼ੀਰਾ, ਤਹਿ. ਜ਼ੀਰਾ (ਫਿਰੋਜ਼ਪੁਰ) ਨੇ ਆਪਣਾ ਨਾਂ ਬਦਲ ਕੇ ਸੁਖਦੀਪ ਕੌਰ ਗਿੱਲ ਰੱਖ ਲਿਆ ਹੈ।

ਮੈਂ ਹਰਪ੍ਰੀਤ ਕਲਸੀ ਪੁੱਤਰੀ ਅਮਰੀਕ ਸਿੰਘ ਕਲਸੀ ਪਤਨੀ ਬਲਜੀਤ ਪਾਲ ਸਿੰਘ ਪਨੇਸਰ ਵਾਸੀ ਮਕਾਨ ਨੰਬਰ: ਬੀ 39/68, ਗੁਰੂ ਨਾਨਕ ਪੁਰਾ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਨੇ ਆਪਣਾ ਨਾਮ ਵਿਆਹ ਤੋਂ ਬਾਅਦ ਬਦਲ ਕੇ ਹਰਪ੍ਰੀਤ ਕੌਰ ਪਨੇਸਰ ਰੱਖ ਲਿਆ ਹੈ।

ਮੈਂ ਰਾਜਦੀਪ ਕੌਰ ਪੁੱਤਰੀ ਜਗਦੀਸ਼ ਸਿੰਘ ਵਾਸੀ ਲੋਹਗੜ੍ਹ (ਮੋਗਾ) ਨੇ ਆਪਣਾ ਨਾਂ ਬਦਲ ਕੇ ਜਗਦੀਪ ਕੌਰ ਰੱਖ ਲਿਆ ਹੈ। ਹੁਣ ਮੈਨੂੰ ਇਸ ਨਾਮ ਨਾਲ ਜਾਣਿਆ ਜਾਵੇ।

ਬੇਦਖਲੀ ਨੋਟਿਸ

ਅਸੀਂ ਅਮਰਜੀਤ ਸਿੰਘ ਪੁੱਤਰ ਚਰਨ ਸਿੰਘ ਵਾ ਸੁਖਵਿੰਦਰ ਕੌਰ ਪਤਨੀ ਅਮਰਜੀਤ ਸਿੰਘ ਵਾਸੀਆਨ ਸੰਧੂ ਕਲੋਨੀ ਮਲਕਾਣਾ ਪੱਤੀ ਸਮਾਣਾ, ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਇੰਦਰਜੀਤ ਸਿੰਘ ਅਤੇ ਨੂੰਹ ਪਰਮੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਉਨ੍ਹਾਂ ਨੂੰ ਆਪਣੀ ਤਮਾਮ ਚੱਲ-ਵਾ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੇਕਰ ਉਨ੍ਹਾਂ ਨਾਲ ਕੋਈ ਲੈਣ-ਦੇਣ ਕਰੇਗਾ ਤਾਂ ਉਸ ਦੇ ਉਹ ਖੁਦ ਜ਼ਿੰਮੇਵਾਰ ਹੋਣਗੇ।

ਸੁਰਜੀਤ ਸਿੰਘ ਟੱਕਰ ਪੁੱਤਰ ਮਹਿੰਦਰ ਸਿੰਘ ਟੱਕਰ ਅਗਵਾੜ ਚਾਹਲਾ ਵਾਸੀ ਧਰਮਕੋਟ, ਜ਼ਿਲ੍ਹਾ ਮੋਗਾ ਦਾ ਰਹਿਣ ਵਾਲਾ ਹਾਂ। ਮੇਰੀ ਪਤਨੀ ਲੀਲਾ ਰਾਣੀ ਅਤੇ ਲੜਕਾ ਅਮਨਦੀਪ ਸਿੰਘ ਉਰਫ ਟਿੰਕੂ ਮੇਰੇ ਕਹਿਣੇ ਤੋਂ ਬਾਹਰ ਹਨ। ਉਨ੍ਹਾਂ ਨਾਲ ਕੋਈ ਲੈਣ-ਦੇਣ ਕਰੇਗਾ ਉਹ ਖੁਦ ਜ਼ਿੰਮੇਵਾਰ ਹੋਵੇਗਾ ਮੈਂ ਆਪਣੀ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ।

ਸਾਡਾ ਭਾਣਜਾ ਅਮਿਤ ਕੁਮਾਰ ਉਰਫ਼ ਬਬਲੂ ਪੁੱਤਰ ਲੇਟ ਧਰਮ ਪਾਲ ਜੋ ਆਪਣੇ ਮਾਤਾ ਪਿਤਾ ਦੀ ਮੌਤ ਤੋਂ ਬਾਦ ਸਾਡੇ ਕੋਲ ਰਹਿ ਰਿਹਾ ਸੀ ਸਾਡੇ ਕਹਿਣ ਤੋਂ ਬਾਹਰ ਹੈ। ਅਸੀਂ ਉਸ ਨਾਲੋਂ ਸਾਰੇ ਸਬੰਧ ਤੋੜ ਲਏ ਹਨ ਅਸੀਂ ਉਸਦੇ ਕਿਸੇ ਚੰਗੇ ਮਾੜੇ ਕੰਮ ਲਈ ਜ਼ਿੰਮੇਵਾਰ ਨਹੀਂ ਹੋਵਾਂਗੇ। ਅਸ਼ਵਨੀ ਕੁਮਾਰ ਅਤੇ ਰਾਜ ਕੁਮਾਰ ਪੁਤਰਾਨ ਕ੍ਰਿਸ਼ਨ ਲਾਲ ਵਾਸੀ ਭਾਰਗਵ ਨਗਰ ਜਲੰਧਰ।

ਆਮ ਸੂਚਨਾ

ਮੈਂ ਰੰਜੂ ਬਾਲਾ ਪੁੱਤਰੀ ਹਰਬੰਸ ਲਾਲ ਪਤਨੀ ਮਨੋਜ ਕੁਮਾਰ ਵਾਸੀ 20-41/541 ਅਬਾਦਪੁਰਾ, ਜਲੰਧਰ ਦੀ ਹਾਂ।

1. ਇਹ ਕਿ ਮੇਰਾ ਪਹਿਲਾ ਵਿਆਹ ਦਿਲਰਾਮ ਪੁੱਤਰ ਬਾਲਕ ਰਾਮ ਵਾਸੀ H.No. D. 430 ਸੈਕਟਰ 5 ਰੋਹਿਨੀ, ਦਿੱਲੀ ਨਾਲ ਹੋਇਆ ਸੀ ਤੇ ਸਾਡੇ ਇਸ ਵਿਆਹ ਤੋਂ ਸਮਰਿਤੀ ਲੜਕੀ ਪੈਦਾ ਹੋਈ।

2. ਇਹ ਕਿ ਸਾਡਾ ਬਾਦ ਵਿੱਚ ਪੰਚਾਇਤੀ ਤਲਾਕਨਾਮਾ ਹੋ ਗਿਆ ਤੇ ਮੈਂ ਦੁਬਾਰਾ ਸ਼ਾਦੀ ਮਨੋਜ ਕੁਮਾਰ ਪੁੱਤਰ ਰਾਮ ਪਾਲ ਵਾਸੀ ਪਿੰਡ ਕੋਟ ਸਦੀਕ ਜ਼ਿਲ੍ਹਾ ਜਲੰਧਰ ਨਾਲ ਕਰਵਾ ਲਈ। ਮੇਰਾ ਪਤੀ ਮਨੋਜ ਕੁਮਾਰ ਮੇਰੀ ਲੜਕੀ ਸਮਰਿਤੀ ਨੂੰ ਆਪਣੀ ਲੜਕੀ ਵਾਂਗ ਹੀ ਸਮਝਦਾ ਹੈ ਤੇ ਚੰਗੀ ਦੇਖਭਾਲ ਕਰਦਾ ਹੈ।

3. ਇਹ ਕਿ ਮੇਰੀ ਲੜਕੀ ਸਮਰਿਤੀ ਦਾ ਪਿਤਾ ਮਨੋਜ ਕੁਮਾਰ ਹੀ ਸਮਝਿਆ ਜਾਵੇ।

ਆਮ ਸੂਚਨਾ

ਮੈਂ ਨਿਰਮਲ ਸਿੰਘ ਪੁੱਤਰ ਕਰਤਾਰਾ ਰਾਮ, ਪੁੱਤਰ ਲੱਭੂ ਵਾਸੀ ਪਿੰਡ ਬੋਹਾਨੀ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਦਾ ਹਲਫੀਆ ਬਿਆਨ ਕਰਦਾ ਹਾਂ ਕਿ ਮੇਰੇ ਪਿਤਾ ਕਰਤਾਰਾ ਰਾਮ ਦੀ ਮੌਤ ਹੋ ਚੁੱਕੀ ਹੈ ਜਿਨ੍ਹਾਂ ਨੇ ਆਪਣੀ ਜਾਇਦਾਦ ਮੁਤਅਲਕ ਬਹੱਕ ਮੇਰੇ ਨਾਮ ਨਿਰਮਲ ਸਿੰਘ ਵਸੀਅਤ ਵਸੀਕਾ ਨੰਬਰ 164 ਮਿਤੀ 3-8-2009 ਤਸਦੀਕਸ਼ੁਦਾ ਸਬ ਰਜਿਸਟਰਾਰ ਫਗਵਾੜਾ ਕੀਤੀ ਹੋਈ ਹੈ। ਉਕਤ ਵਸੀਅਤ ਦੇ ਅਧਾਰ ਤੇ ਇੰਤਕਾਲ ਵਰਾਸਤ ਨੰਬਰ 2141 ਦਰਜ ਹੋ ਕਰ ਮਨਜ਼ੂਰ ਲਈ ਪਿਆ ਹੈ। ਅਗਰ ਉਪਰੋਕਤ ਇੰਤਕਾਲ ਵਰਾਸਤ ਦਰਜ ਹੋ ਕਰ ਮਨਜ਼ੂਰ ਹੋਣ ਮੁਅਤਲਕ ਮ੍ਰਿਤਕ ਕਰਤਾਰਾ ਰਾਮ ਪੁੱਤਰ ਲੱਭੂ ਵਾਸੀ ਬੋਹਾਨੀ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਦੇ ਕਿਸੇ ਵੀ ਵਾਰਸ, ਰਿਸ਼ਤੇਦਾਰਨ ਨੂੰ ਕੋਈ ਵੀ ਇਤਰਾਜ਼ ਹੋਵੇਗਾ ਤਾਂ ਉਹ ਵਕਾਲਤ ਜਾਂ ਅਸਾਲਤ ਬਾ ਅਦਾਲਤ ਮਾਨਯੋਗ ਤਹਿਸੀਲਦਾਰ ਫਗਵਾੜਾ ਦੇ ਪੇਸ਼ ਹੋਕਰ ਆਪਣਾ ਇਤਰਾਜ 30 ਦਿਨਾਂ ਦੇ ਅੰਦਰ ਕਰ ਸਕਦਾ ਹੈ। ਗੁਜਰਨੇ ਮਿਆਦ ਕੋਈ ਵੀ ਇਤਰਾਜ ਮੰਨਿਆ ਨਹੀਂ ਜਾਵੇਗਾ।

ਇੱਕ ਖੇਤੀਬਾੜੀ ਕੁਨੈਕਸ਼ਨ ਟੀਐਫ148ਏਪੀ ਸੰਤੋਖ ਸਿੰਘ ਪੁੱਤਰ ਰੁਪਾਲ ਸਿੰਘ ਧਨੌਲਾ ਖੁਰਦ ਦੇ ਨਾਮ ਤੇ ਚਲਦੇ ਨੂੰ ਸਮੇਤ ਜਮੀਨ ਦਰਸ਼ਨਾਂ ਦੇਵੀ ਪਤਨੀ ਸੁਖਪਾਲ ਕੋਠੇ ਜਲਾਲਕੇ ਹੰਡਿਆਇਆ ਨੇ ਖਰੀਦ ਕੇ ਆਪਣੇ ਨਾਮ ਕਰਨ ਲਈ ਅਪਲਾਈ ਕੀਤਾ ਹੈ। ਜੇਕਰ ਕਿਸੇ ਨੂੰ ਇਤਰਾਜ ਹੈ,15 ਦਿਨਾਂ 'ਚ ਕਰ ਸਕਦਾ ਹੈ।

ਸਹੀ/-
ਸਹਾਇਕ ਕਾਰਜਕਾਰੀ ਇਜੀਨੀਅਰ
ਪੰ.ਰਾ.ਬਿ.ਬੋ.(ਦਿਹਾਤੀ)
ਬਰਨਾਲਾ

CHANNGE OF NAME

I, Kewal Singh S/o Mr. Rattan Singh R/o Moh. Joginder Nagar, Khothran Road, PS. Phagwara, Distt. Kapurthala, Punjab, India have Changed my name from Kewal Singh to Kewal Singh Sangha. All Concerned Please Note.

I, Joginder Kaur W/o Mr. Kewal Singh Sangha R/o Moh. Joginder Nagar, Khothran Road, PS. Phagwara, Distt. Kapurthala, Punjab, India have Changed my name from Joginder Kaur to Joginder Kaur Sangha After marriage. All Concerned Please Note.

I, Kulbir Singh S/o Mr. Kewal Singh Sangha R/o Moh. Joginder Nagar, Khothran Road, PS. Phagwara, Distt. Kapurthala, Punjab, India have Changed my name from Kulbir Singh to Kulbir Singh Sangha. All Concerned Please Note

ਬੇਦਖਲੀ ਨੋਟਿਸ

ਮੇਰੀ ਲੜਕੀ ਨਈਆਂ ਢੀਂਗਰਾ (ਹਿਨਾ) ਮੇਰੇ ਕਹਿਣੇ ਤੋਂ ਬਾਹਰ ਹੈ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਜਾਂ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵੇਗਾ। ਰਾਕੇਸ਼ ਕੁਮਾਰ ਪੁੱਤਰ ਸ਼ਿਵ ਲਾਲ ਢੀਂਗਰਾ ਵਾਸੀ ਸੁਭਾਸ਼ ਨਗਰ ਗਲੀ ਨੰ: 1 ਫਗਵਾੜਾ (ਕਪੂਰਥਲਾ)

Following vacancies exist in a Bank:-

Post	Total Number of Post	Pay Scale	Qualification
Junior Accountant	3	5000/8100	2nd class graduate with 5 year experience in Banking or professional computer degree/ M.C.A./M.Com./ M.B.A./ C.A.I.I.B.
Clerk	2	3330/4400	2nd class graduate in Commerce or Economics or Mathematics with knowledge of Computer. or Post Graduate Diploma in Computer application
Field Assistant	2	3120/4260	Graduate
Peon	1	2420.4140	Should be able to read and write. Middle pass Shall have preference.

Maximum age limit will be 35 years, preference will be given to higher qualification apply with testimonial within fifteen days from the date of Advertisement to Post Box No. ...., Aaj Di Awaaz, Jalandhar.

ਉੱਤਰ ਰੇਲਵੇ
ਟੈਂਡਰ ਸੂਚਨਾ
www.nr.indianrail.gov.in
ਮਿਤੀ 27.01.2010 662/10
ਗਾਹਕਾਂ ਦੀ ਸੇਵਾ 'ਚ ਮੁਸਕਾਨ ਦੇ ਨਾਲ